
medicare



# ਸਸਤੀਆਂ ਦਵਾਈਆਂ

## PBS ਦਵਾਈਆਂ ਲਈ ਘੱਟ ਸਹਿ-ਭੁਗਤਾਨ ਦਾ ਤੁਹਾਡੇ ਲਈ ਕੀ ਅਰਥ ਹੈ?

ਫਾਰਮਾਸਿਊਟੀਕਲ ਬੈਨੀਫਿਟਸ ਸਕੀਮ (PBS) ਵਿੱਚ ਸੂਚੀਬੱਧ ਦਵਾਈਆਂ ਦੀ ਕੀਮਤ PBS ਮਰੀਜ਼ ਸਹਿ-ਭੁਗਤਾਨ ਨਾਮਕ ਵੱਧ ਤੋਂ ਵੱਧ ਰਕਮ 'ਤੇ ਸੀਮਤ ਕੀਤੀ ਗਈ ਹੈ। 1 ਜਨਵਰੀ 2026 ਨੂੰ, ਸਾਰੇ ਮੈਡੀਕੇਅਰ ਕਾਰਡ ਧਾਰਕਾਂ ਲਈ PBS ਮਰੀਜ਼ ਸਹਿ-ਭੁਗਤਾਨ $31.60 ਤੋਂ ਘਟਾ ਕੇ $25 ਕਰ ਦਿੱਤਾ ਗਿਆ ਸੀ, ਜਿਸ ਨਾਲ ਬਹੁਤ ਸਾਰੀਆਂ ਦਵਾਈਆਂ ਸਸਤੀਆਂ ਹੋ ਗਈਆਂ ਸਨ।

### PBS ਬਾਰੇ

PBS ਨੂੰ ਆਸਟ੍ਰੇਲੀਆ ਸਰਕਾਰ ਦੁਆਰਾ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਲਈ 900 ਤੋਂ ਵੱਧ ਸੂਚੀਬੱਧ ਪਰਚੀ ਵਾਲੀਆਂ ਦਵਾਈਆਂ ਦੀ ਕੀਮਤ 'ਤੇ ਸਬਸਿਡੀ ਦੇਣ ਲਈ ਫੰਡ ਦਿੱਤਾ ਜਾਂਦਾ ਹੈ।

ਜੇਕਰ ਤੁਹਾਡੇ ਕੋਲ ਮੈਡੀਕੇਅਰ ਕਾਰਡ ਹੈ, ਤਾਂ ਤੁਸੀਂ ਪਰਚੀ ਤੇ ਮਿਲਣ ਵਾਲੀਆਂ PBS ਦਵਾਈਆਂ ਪ੍ਰਾਪਤ ਕਰ ਸਕਦੇ ਹੋ।

### ਦਵਾਈਆਂ ਨੂੰ ਹੋਰ ਕਿਫਾਇਤੀ ਬਣਾਉਣਾ

ਘਟੇ ਹੋਏ ਸਹਿ-ਭੁਗਤਾਨ ਦਾ ਮਤਲਬ ਹੈ ਕਿ ਆਸਟ੍ਰੇਲੀਆ ਦੇ ਬਹੁਤ ਸਾਰੇ ਲੋਕ ਆਪਣੇ ਨੁਸਖ਼ਿਆਂ 'ਤੇ ਮਹੱਤਵਪੂਰਨ ਬੱਚਤ ਦੇਖਣਗੇ।

ਕਾਮਨਵੈਲਥ ਕਨਸੈਸ਼ਨ ਕਾਰਡ ਧਾਰਕਾਂ ਲਈ, PBS ਮਰੀਜ਼ ਸਹਿ-ਭੁਗਤਾਨ 1 ਜਨਵਰੀ 2025 ਨੂੰ $7.70 ਤੱਕ ਸੀਮਤ ਕੀਤਾ ਗਿਆ ਸੀ ਅਤੇ ਇਹ 2030 ਤੱਕ ਫ੍ਰੀਜ਼ ਰਹੇਗਾ। ਇਹ ਆਉਣ ਵਾਲੇ ਸਾਲਾਂ ਵਿੱਚ ਦਵਾਈਆਂ ਦੀ ਕੀਮਤ ਬਾਰੇ ਨਿਸ਼ਚਿੰਤਤਾ ਪ੍ਰਦਾਨ ਕਰਦਾ ਹੈ।

### PBS ਮਰੀਜ਼ ਸਹਿ-ਭੁਗਤਾਨ ਬਾਰੇ

ਜਦੋਂ ਤੁਸੀਂ PBS ਦਵਾਈ ਖਰੀਦਦੇ ਹੋ, ਤਾਂ ਕੀਮਤ ਵੱਧ ਤੋਂ ਵੱਧ ਭੁਗਤਾਨ ਤੱਕ ਸੀਮਤ ਹੁੰਦੀ ਹੈ ਜਿਸਨੂੰ PBS ਮਰੀਜ਼ ਵਲੋਂ ਕੀਤਾ ਜਾਣ ਵਾਲਾ ਸਹਿ-ਭੁਗਤਾਨ ਕਿਹਾ ਜਾਂਦਾ ਹੈ। ਮਰੀਜ਼ ਸਹਿ-ਭੁਗਤਾਨ ਉਹ ਵੱਧ ਤੋਂ ਵੱਧ ਰਕਮ ਹੈ ਜੋ ਤੁਹਾਡੇ ਤੋਂ ਜ਼ਿਆਦਾਤਰ PBS ਦਵਾਈਆਂ ਵਾਸਤੇ ਲਈ ਜਾਂਦੀ ਹੈ।

ਕੁਝ PBS ਦਵਾਈਆਂ ਦੀ ਕੀਮਤ ਮਰੀਜ਼ ਵਲੋਂ ਕੀਤੇ ਜਾਣ ਵਾਲੇ ਸਹਿ-ਭੁਗਤਾਨ ਦੀ ਰਕਮ ਤੋਂ ਘੱਟ ਹੁੰਦੀ ਹੈ। ਫਾਰਮੇਸੀਆਂ ਇਹ ਫੈਸਲਾ ਕਰਦੀਆਂ ਹਨ ਕਿ ਇਹਨਾਂ ਲਈ ਕਿੰਨੀ ਕੀਮਤ ਲੈਣੀ ਹੈ, ਇਸ ਲਈ ਕੀਮਤਾਂ ਇਸ ਗੱਲ 'ਤੇ ਨਿਰਭਰ ਕਰਦੀਆਂ ਹਨ ਕਿ ਤੁਸੀਂ ਆਪਣੀ ਦਵਾਈ ਕਿੱਥੋਂ ਲੈਂਦੇ ਹੋ।

ਜੇਕਰ ਕਿਸੇ ਦਵਾਈ ਦੀ ਕੀਮਤ ਮਰੀਜ਼ ਦੇ ਸਹਿ-ਭੁਗਤਾਨ ਤੋਂ ਵੱਧ ਹੁੰਦੀ ਹੈ, ਤਾਂ ਆਸਟ੍ਰੇਲੀਆ ਸਰਕਾਰ ਫਰਕ ਦਾ ਭੁਗਤਾਨ ਕਰਦੀ ਹੈ। PBS-ਸੂਚੀਬੱਧ ਪੰਜ ਵਿੱਚੋਂ ਚਾਰ ਦਵਾਈਆਂ ਦੀ ਕੀਮਤ ਜਨਰਲ ਮਰੀਜ਼ ਦੇ ਸਹਿ-ਭੁਗਤਾਨ ਤੋਂ ਵੱਧ ਹੁੰਦੀ ਹੈ।

ਜੇਕਰ ਤੁਸੀਂ ਇੱਕ ਬ੍ਰਾਂਡ ਪ੍ਰੀਮੀਅਮ ਵਾਲੀ ਦਵਾਈ ਦਾ ਇੱਕ ਮਹਿੰਗਾ ਬ੍ਰਾਂਡ ਚੁਣਦੇ ਹੋ, ਤਾਂ ਤੁਸੀਂ ਆਪਣੀ PBS ਸਹਿ-ਭੁਗਤਾਨ ਰਕਮ ਦੇ ਉੱਪਰ ਇੱਕ ਪ੍ਰੀਮੀਅਮ ਦਾ ਭੁਗਤਾਨ ਕਰੋਗੇ।

### ਹੋਰ ਜਾਣਕਾਰੀ

**ਆਪਣੇ ਦਵਾਈ ਦੇ ਵਿਕਲਪਾਂ ਅਤੇ ਲਾਗਤਾਂ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਆਪਣੇ ਫਾਰਮਾਸਿਸਟ ਜਾਂ ਡਾਕਟਰ ਨਾਲ ਗੱਲ ਕਰੋ।**

**ਘੱਟ PBS ਮਰੀਜ਼ ਸਹਿ-ਭੁਗਤਾਨ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਕਿਵੇਂ ਮਦਦ ਕਰ ਸਕਦਾ ਹੈ, ਇਸ ਬਾਰੇ ਵਧੇਰੇ ਜਾਣਕਾਰੀ ਲਈ, health.gov.au/cheapermedicines 'ਤੇ ਜਾਓ।**

Australian Government
Department of Health, Disability and Ageing

PBS
The Pharmaceutical Benefits Scheme